**Department of Educational and Counselling Psychology, and Special Education**
The University of British Columbia
Faculty of Education
2125 Main Mall
Vancouver BC Canada V6T 1Z4
Tel 604-822-0242 Fax 604-822-3302
www.ecps.educ.ubc.ca

## ਜਵਾਨ ਬੱਚਿਆਂ ਦੀ ਟੈਕਨੌਲੋਜੀ ਵਿਚ ਸ਼ਮੂਲੀਅਤ, ਸਵੈ-ਨਿਯਮ, ਅਤੇ ਮਾਪਿਆਂ, ਸਾਥੀਆਂ ਨਾਲ, ਅਤੇ ਨਿੱਜੀ ਸੰਬੰਧਾਂ ਦੀ ਬਦਲਦੀ ਕਿਸਮ

## ਮਾਪੇ ਦੀ ਸਹਿਮਤੀ ਲਈ ਫਾਰਮ

ਤੁਹਾਡੇ ਬੱਚੇ ਨੂੰ ਇਕ ਖੋਜ ਸਟੱਡੀ ਵਿਚ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ ਹੈ ਜੋ ਕਿ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਲੋਂ ਅਗਲੇ ਹਫਤਿਆਂ ਵਿਚ ਕੀਤੀ ਜਾਵੇਗੀ। ਸਟੱਡੀ ਬਾਰੇ ਇਸ ਜਾਣਕਾਰੀ ’ਤੇ ਵਿਚਾਰ ਕਰਨ ਲਈ ਕਿਰਪਾ ਕਰਕੇ ਥੋੜ੍ਹਾ ਸਮਾਂ ਕੱਢੋ।

**ਮੁੱਖ ਖੋਜਕਾਰ:** ਡਾਕਟਰ ਜੈਨੀਫਰ ਸ਼ਾਪਕਾ

**ਮੰਤਵ:** ਜਵਾਨ ਬੱਚੇ ਔਨਲਾਈਨ ਅਤੇ ਆਪਣੇ ਮੋਬਾਇਲ ਫੋਨ ’ਤੇ ਬਹੁਤ ਸਾਰਾ ਸਮਾਂ ਬਿਤਾਉਂਦੇ ਹਨ। ਬਦਕਿਸਮਤੀ ਨਾਲ, ਸਾਮ੍ਹਣੇ ਆ ਰਹੀ ਖੋਜ ਇਹ ਦੱਸਦੀ ਹੈ ਕਿ ਹਰ ਰੋਜ਼ ਔਨਲਾਈਨ ਬਹੁਤ ਜ਼ਿਆਦਾ ਸਮਾਂ ਬਿਤਾਉਣ ਦੇ ਪਰਿਣਾਮ ਨਿਕਲ ਸਕਦੇ ਹਨ ਜਿਵੇਂ ਕਿ ਨੀਂਦ ਨਾ ਆਉਣਾ, ਮੂਡ ਅਤੇ ਚਿੰਤਾ ਨਾਲ ਜੱਦੋਜਹਿਦ, ਅਤੇ ਇਸ ਦੇ ਨਾਲ ਨਾਲ ਪਰਿਵਾਰ ਨਾਲ ਸੰਬੰਧ ਵਿਗੜਣਾ। ਤਾਜ਼ਾ ਖੋਜ ਇਹ ਦੱਸਦੀ ਹੈ ਕਿ ਜਦੋਂ ਜਵਾਨ ਬੱਚੇ ਡਿਜ਼ੀਟਲ ਯੰਤਰਾਂ ਨਾਲ ਡੂੰਘੀ ਤਰ੍ਹਾਂ ਜੁੜਦੇ ਹਨ ਤਾਂ ਟੈਕਨੌਲੋਜੀ ਉੱਪਰ ਨਿਰਭਰਤਾ ਸਦਾ ਮਦਦ ਨਹੀਂ ਕਰ ਸਕਦੀ। ਇਹ ਲਗਾਉ ਜਵਾਨ ਬੱਚਿਆਂ ਦੀਆਂ ਸਮਾਜਿਕ ਲੋੜਾਂ ਅਤੇ ਟੀਚੇ ਪੂਰੇ ਕਰਨ ਵਿਚ ਮਦਦ ਕਰਦਾ ਹੋ ਸਕਦਾ ਹੈ, ਭਾਵੇਂ ਕਿ ਖੋਜ ਆਹਮੋ-ਸਾਮ੍ਹਣੇ ਗੱਲਬਾਤ ਦੀ ਮੱਹਤਤਾ ਦੀ ਹਿਮਾਇਤ ਕਰਦੀ ਹੈ।

**ਸਟੱਡੀ ਕਰਨ ਦੇ ਤਰੀਕੇ:** ਇਸ ਸਟੱਡੀ ਵਿਚ ਤੁਹਾਡੇ ਜਵਾਨ ਬੱਚੇ ਨੇ ਸਾਲ ਵਿਚ ਇਕ ਵਾਰੀ, ਆਪਣੇ ਮੋਬਾਇਲ ਯੰਤਰ (ਸੈੱਲ, ਆਦਿ) ਦੀ ਵਰਤੋਂ ਬਾਰੇ, ਅਤੇ ਇਸ ਦੇ ਨਾਲ ਨਾਲ ਆਪਣੇ ਦੋਸਤਾਂ, ਪਰਿਵਾਰ, ਅਤੇ ਰੋਮਾਂਟਿਕ ਪਾਰਟਨਰਾਂ ਨਾਲ ਆਪਣੇ ਸੰਬੰਧਾਂ ਬਾਰੇ ਸਵਾਲਾਂ ਦੇ ਜਵਾਬ ਦੇਣੇ ਹਨ (ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਅਸੀਂ ਉਨ੍ਹਾਂ ਨੂੰ ਇਹ ਪੁੱਛਾਂਗੇ ਕਿ ਕੀ ਉਸ ਨੇ ਕਾਮੁਕ ਕਿਸਮ ਦੇ ਸੁਨੇਹੇ ਭੇਜੇ ਜਾਂ ਪ੍ਰਾਪਤ ਕੀਤੇ ਹਨ)। ਕੋਵਿਡ-19 ਮਹਾਂਮਾਰੀ ਦੇ ਮੌਜੂਦਾ ਸੰਦਰਭ ਵਿਚ, ਅਸੀਂ ਤੁਹਾਡੇ ਬੱਚੇ ਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਨੂੰ ਵੀ ਕਹਾਂਗੇ ਕਿ ਕੋਵਿਡ-19 ਨੇ ਉਨ੍ਹਾਂ ਦੇ ਮੋਬਾਇਲ ਯੰਤਰ ਦੀ ਵਰਤੋਂ ਉੱਪਰ, ਪੜ੍ਹਾਈ ਅਤੇ ਸਮੁੱਚੀ ਸਿਹਤ ਉੱਪਰ ਕਿਵੇਂ ਅਸਰ ਪਾਇਆ ਹੈ। ਸਾਰੇ ਸਵਾਲਾਂ ਦੇ ਜਵਾਬ ਦੇਣਾ ਮਰਜ਼ੀ ਹੈ ਅਤੇ ਜੇ ਤੁਹਾਡਾ ਬੱਚਾ ਜਵਾਬ ਨਾ ਦੇਣ ਨੂੰ ਤਰਜੀਹ ਦੇਵੇ ਤਾਂ ਇਹ ਛੱਡੇ ਜਾ ਸਕਦੇ ਹਨ। ਔਨਲਾਈਨ ਪ੍ਰਸ਼ਨਾਵਲੀ ਨੂੰ ਭਰਨ ਲਈ ਤਕਰੀਬਨ 45 ਮਿੰਟ ਲੱਗਣਗੇ ਅਤੇ ਇਹ ਤੁਹਾਡੇ ਜਵਾਨ ਬੱਚੇ ਦੇ ਗਰੈਜੂਏਟ ਹੋ ਜਾਣ ਤੱਕ ਸਕੂਲ ਸਮੇਂ ਦੌਰਾਨ ਸਾਲ ਵਿਚ ਇਕ ਵਾਰੀ ਭਰੀ ਜਾਵੇਗੀ। ਤੁਹਾਡਾ ਬੱਚਾ ਇਹ ਪ੍ਰਸ਼ਨਾਵਲੀ ਆਪਣੇ ਯੰਤਰ ਉੱਪਰ ਮੁਕੰਮਲ ਕਰੇਗਾ, ਪਰ ਜੇ ਉਹਦੇ ਕੋਲ ਕੋਈ ਯੰਤਰ ਨਾ ਹੋਵੇ ਤਾਂ ਉਸ ਨੂੰ ਇਕ ਆਈਪੈਡ ਮਿਨੀ ਦਿੱਤਾ ਜਾਵੇਗਾ। ਪ੍ਰਸ਼ਨਾਵਲੀ ਨਾਲ ਲਿੰਕ ਉਸ ਦੇ ਸਕੂਲ ਦੇ ਈਮੇਲ ਐਡਰੈਸ ਉੱਪਰ ਭੇਜਿਆ ਜਾਵੇਗਾ। ਇਸ ਸਟੱਡੀ ਵਿਚ ਹਿੱਸਾ ਲੈਣ ਦੇ ਕੋਈ ਜਾਣੇ ਜਾਂਦੇ ਖਤਰੇ ਨਹੀਂ ਹਨ, ਫਿਰ ਵੀ ਜੇ ਤੁਹਾਡਾ ਜਵਾਨ ਬੱਚਾ (ਟੀਨ) ਬੇਆਰਾਮ ਮਹਿਸੂਸ ਕਰੇ ਤਾਂ ਉਸ ਨੂੰ ਕਿਸੇ ਸਮੇਂ ਵੀ ਬਿਨਾਂ ਕਿਸੇ ਪੈਨਲਟੀ ਦੇ ਸਟੱਡੀ ਵਿੱਚੋਂ ਬਾਹਰ ਨਿਕਲਣ ਦਾ ਹੱਕ ਹੈ। ਤੁਹਾਡੇ ਜਵਾਨ ਬੱਚੇ ਲਈ ਕਿਸੇ ਉਸ ਸਵਾਲ ਦਾ ਜਵਾਬ ਦੇਣਾ ਵੀ ਜ਼ਰੂਰੀ ਨਹੀਂ ਹੈ, ਜਿਸ ਬਾਰੇ ਉਹ ਬੇਆਰਾਮ ਮਹਿਸੂਸ ਕਰਦਾ/ਕਰਦੀ ਹੋਵੇ। ਇਸ ਦੇ

ਬਾਵਜੂਦ, ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਜਵਾਨ ਬੱਚਾ ਇਸ ਸਟੱਡੀ ਵਿਚ ਹਿੱਸਾ ਲਵੇ ਤਾਂ ਤੁਹਾਡੇ ਲਈ ਇਸ ਬਾਰੇ ਦੱਸਣ ਲਈ ਇਸ ਚਿੱਠੀ ਦਾ ਦੂਸਰਾ ਸਫਾ ਵਾਪਸ ਕਰਨਾ ਜ਼ਰੂਰੀ ਹੈ। ਜੇ ਤੁਹਾਡਾ ਬੱਚਾ ਹਿੱਸਾ ਨਾ ਲੈ ਰਿਹਾ ਹੋਵੇ ਤਾਂ ਉਸ ਨੂੰ ਉਸ ਦੇ ਜਮਾਤੀਆਂ ਵਲੋਂ ਪ੍ਰਸ਼ਨਾਵਲੀ ਭਰਨ ਦੌਰਾਨ ਆਪਣੇ ਡੈੱਸਕ ’ਤੇ ਚੁੱਪ ਚਾਪ ਕੰਮ ਕਰਨ ਲਈ ਜਾਂ ਲਾਇਬਰੇਰੀ ਜਾਣ ਲਈ ਕਿਹਾ ਜਾਵੇਗਾ। ਜੇ ਤੁਸੀਂ ਉਹ ਪ੍ਰਸ਼ਨਾਵਲੀ ਦੇਖਣਾ ਚਾਹੋ ਜਿਹੜੀ ਤੁਹਾਡਾ ਬੱਚਾ ਭਰੇਗਾ ਤਾਂ ਕਿਰਪਾ ਕਰਕੇ ਡਾਕਟਰ ਜੈਨੀਫਰ ਸ਼ਾਪਕਾ ਨਾਲ ਸੰਪਰਕ ਕਰੋ (ਈਮੇਲ: jennifer.shapka@ubc.ca; ਫੋਨ: 604-822-5253) ਜੋ ਕਿ ਤੁਹਾਨੂੰ ਪ੍ਰਸ਼ਨਾਂ ਦੀ ਕਾਪੀ ਡਾਕ ਰਾਹੀਂ ਜਾਂ ਈਮੇਲ ਰਾਹੀਂ ਭੇਜਣਗੇ। ਪ੍ਰਸ਼ਨਾਂ ਦੀ ਕਾਪੀ ਤੁਹਾਡੇ ਦੇਖਣ ਲਈ ਸਕੂਲ ਕੋਲ ਵੀ ਹੈ।

**ਭੇਤਦਾਰੀ:** ਅਸੀਂ ਇਹ ਪੱਕਾ ਕਰਨਾ ਚਾਹੁੰਦੇ ਹਾਂ ਕਿ ਤੁਹਾਡਾ ਬੱਚਾ ਸਵਾਲਾਂ ਦੇ ਜਵਾਬ ਇਮਾਨਦਾਰੀ ਨਾਲ ਦੇਣ ਲਈ ਸੁਰੱਖਿਅਤ ਮਹਿਸੂਸ ਕਰੇ। ਇਹ ਪੱਕਾ ਕਰਨ ਲਈ ਅਸੀਂ ਭੇਤਦਾਰੀ ਨੂੰ ਯਕੀਨੀ ਬਣਾਉਣ ਲਈ ਹਰ ਕੋਸ਼ਿਸ਼ ਕਰਦੇ ਹਾਂ। ਸਾਰੀ ਸਟੱਡੀ ਦੌਰਾਨ, ਤੁਹਾਡੇ ਬੱਚੇ ਦੀ ਪਛਾਣ ਸਿਰਫ ਇਕ ਆਈ ਡੀ ਨੰਬਰ ਨਾਲ ਕੀਤੀ ਜਾਵੇਗੀ। ਉਸ ਦੇ ਪ੍ਰਸ਼ਨਾਂ ਦੇ ਜਵਾਬ ਕਦੇ ਵੀ ਪਛਾਣ ਕਰਨ ਵਾਲੀ ਕਿਸੇ ਜਾਣਕਾਰੀ ਨਾਲ ਨਹੀਂ ਜੋੜੇ ਜਾਣਗੇ ਅਤੇ ਹਰ ਸਾਲ ਦੇ ਪ੍ਰਸ਼ਨਾਂ ਨੂੰ ਜੋੜਣ ਲਈ ਅਸੀਂ ਸਿਰਫ ਉਨ੍ਹਾਂ ਦੇ ਆਈ ਡੀ ਨੰਬਰ ਵਰਤਦੇ ਹਾਂ। ਇਸ ਸਟੱਡੀ ਲਈ ਸਾਰੇ ਡੈਟੇ ਨੂੰ ਇਨਕ੍ਰਿਪਟ ਕੀਤਾ ਜਾਵੇਗਾ (ਕੋਡ ਵਿਚ ਬਦਲਿਆ ਜਾਵੇਗਾ) ਅਤੇ ਇਸ ਨੂੰ ਯੂ ਬੀ ਸੀ ਵਿਖੇ ਇਕ ਸੁਰੱਖਿਅਤ, ਪਾਸਵਰਡ ਵਾਲੇ ਸਰਵਰ ਉੱਪਰ ਸਾਂਭਿਆ ਜਾਵੇਗਾ। ਸਿਰਫ ਖੋਜ ਕਰਨ ਵਾਲੀ ਮੁੱਖ ਟੀਮ ਦੀ ਹੀ ਇਸ ਡੈਟੇ ਤੱਕ ਪਹੁੰਚ ਹੋਵੇਗੀ।

**ਮੁਆਵਜ਼ਾ:** ਤੁਹਾਡੇ ਬੱਚੇ ਵਲੋਂ ਇਸ ਸਟੱਡੀ ਵਿਚ ਹਿੱਸਾ ਲੈਣ ਦੇ ਧੰਨਵਾਦ ਵਜੋਂ, ਹਰ ਸਾਲ, ਹਿੱਸਾ ਲੈਣ ਵਾਲੇ ਸਾਰਿਆਂ ਦੇ ਨਾਂ ਇਕ ਨਵਾਂ ਆਈਫੋਨ ਜਾਂ ਬਰਾਬਰ ਦੀ ਕੀਮਤ ਦਾ ਗਿਫਟ ਕਾਰਡ ਜਿੱਤਣ ਲਈ ਡਰਾਅ ਵਿਚ ਪਾਏ ਜਾਣਗੇ। ਇਹ ਗੱਲ ਨੋਟ ਕਰੋ ਕਿ ਜੇ ਤੁਸੀਂ ਆਪਣੀ ਸਹਿਮਤੀ ਨਹੀਂ ਵੀ ਦਿੰਦੇ, ਤੁਹਾਡੇ ਜਵਾਨ ਬੱਚੇ ਦਾ ਨਾਂ ਫਿਰ ਵੀ ਡਰਾਅ ਵਿਚ ਪਾਇਆ ਜਾਵੇਗਾ।

**ਹਿੱਸਾ ਲੈਣ ਦੇ ਖਤਰੇ:** ਇਸ ਖੋਜ ਨਾਲ ਸੰਬੰਧਿਤ ਕੋਈ ਗੰਭੀਰ ਖਤਰੇ ਨਹੀਂ ਹਨ। ਜੇ ਤੁਹਾਡਾ ਬੱਚਾ ਸਟੱਡੀ ਵਿਚ ਹਿੱਸਾ ਨਾ ਲੈਣ ਦੀ ਚੋਣ ਕਰਦਾ ਹੈ ਤਾਂ ਉਸ ਨੂੰ ਇਸ ਦੀ ਕਿਸੇ ਵੀ ਤਰ੍ਹਾਂ ਕੋਈ ਸਜ਼ਾ ਨਹੀ ਦਿੱਤੀ ਜਾਵੇਗੀ। ਜਿਹੜੇ ਇਸ ਸਟੱਡੀ ਵਿਚ ਹਿੱਸਾ ਨਾ ਲੈਣ ਦੀ ਚੋਣ ਕਰਨਗੇ, ਉਨ੍ਹਾਂ ਨੂੰ ਪੜ੍ਹਣ ਅਤੇ/ਹੋਮਵਰਕ ਕਰਨ ਲਈ ਕਿਹਾ ਜਾਵੇਗਾ।

ਸਾਰੇ ਵਿਦਿਆਰਥੀਆਂ ਨੂੰ ਆਪਣੇ ਸਕੂਲ ਦੇ ਕੌਂਸਲਰ ਨਾਲ ਸੰਪਰਕ ਕਰਨ ਦੀ ਜਾਣਕਾਰੀ ਦਿੱਤੀ ਜਾਵੇਗੀ, ਅਤੇ ਇਸ ਦੇ ਨਾਲ ਨਾਲ, ਕਿਡਜ਼ ਹੈਲਪ ਲਾਈਨ ਵਰਗੇ ਬੀ ਸੀ ਵਿਚਲੇ ਹੋਰ ਵਸੀਲਿਆਂ ਦੀ ਜਾਣਕਾਰੀ ਵੀ ਦਿੱਤੀ ਜਾਵੇਗੀ ਤਾਂ ਜੋ ਜੇ ਇਹ ਪ੍ਰਸ਼ਨਾਵਲੀ ਭਰਨ ਤੋਂ ਬਾਅਦ ਉਨ੍ਹਾਂ ਨੂੰ ਕੋਈ ਦੁੱਖ ਮਹਿਸੂਸ ਹੋਵੇ ਤਾਂ ਉਹ ਮਦਦ ਲੈ ਸਕਣ (ਸੈਕਸਟਿੰਗ, ਕੋਵਿਡ-19, ਅਤੇ ਜਜ਼ਬਾਤੀ ਸਿਹਤ ਬਾਰੇ ਸੰਭਵ ਸੰਵੇਦਨਸ਼ੀਲ ਸਵਾਲਾਂ ਕਾਰਨ)।

**ਖੋਜ ਪਾਤਰਾਂ ਦੇ ਹੱਕਾਂ ਬਾਰੇ ਫਿਕਰਾਂ ਲਈ ਸੰਪਰਕ:** ਖੋਜ ਵਿਚ ਹਿੱਸਾ ਲੈਣ ਵਾਲੇ ਵਜੋਂ ਆਪਣੇ ਬੱਚੇ ਦੇ ਹੱਕਾਂ ਬਾਰੇ ਅਤੇ/ਜਾਂ ਇਸ ਸਟੱਡੀ ਵਿਚ ਹਿੱਸਾ ਲੈਣ ਦੌਰਾਨ ਉਸ ਦੇ ਤਜਰਬਿਆਂ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਫਿਕਰ ਹੋਣ ਤਾਂ ਕਿਰਪਾ ਕਰਕੇ ਯੂ ਬੀ ਸੀ ਔਫਿਸ ਔਫ ਰੀਸਰਚ ਐਥਿਕਸ ਦੀ ਰੀਸਰਚ ਪਾਰਟੀਸੀਪੈਂਟ ਕਮਪਲੇਂਟ ਲਾਈਨ ਨਾਲ 604-822-8598 ’ਤੇ ਸੰਪਰਕ ਕਰੋ, ਜਾਂ ਜੇ ਲੌਂਗ ਡਿਸਟੈਂਸ ਹੋਵੇ ਤਾਂ RSIL@ors.ubc.ca ’ਤੇ ਈਮੇਲ ਕਰੋ ਜਾਂ ਟੋਲ ਫ੍ਰੀ 1-877-822-8598 ’ਤੇ ਫੋਨ ਕਰੋ।

****ਮਹੱਤਵਪੂਰਨ:** ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਜਵਾਨ ਬੱਚਾ ਇਸ ਸਟੱਡੀ ਦੇ ਕਿਸੇ ਵੀ ਹਿੱਸੇ ਵਿਚ ਭਾਗ ਲਵੇ ਤਾਂ ਕਿਰਪਾ ਕਰਕੇ ਇਸ ਸਫੇ ਦਾ ਹੇਠਲਾ ਹਿੱਸਾ ਆਪਣੇ ਬੱਚੇ ਨਾਲ ਵਾਪਸ ਕਰੋ। ਤੁਸੀਂ ਇਹ ਇੱਥੇ ਸਿੱਧਾ ਈਮੇਲ ਰਾਹੀਂ ਵੀ ਭੇਜ ਸਕਦੇ ਹੋ: jennifer.shapka@ubc.ca ਜਾਂ cyber.kids@ubc.ca**

-------------------------------------------------------------

**ਸਹਿਮਤੀ:**

ਇਸ ਸਟੱਡੀ ਵਿਚ ਤੁਹਾਡੇ ਬੱਚੇ ਦੀ ਸ਼ਮੂਲੀਅਤ ਬਿਲਕੁਲ ਤੁਹਾਡੀ ਮਰਜ਼ੀ ਹੈ ਅਤੇ ਤੁਸੀਂ ਇਹ ਫਾਰਮ ਵਾਪਸ ਭੇਜ ਕੇ ਉਸ ਦੇ ਇਸ ਸਟੱਡੀ ਵਿਚ ਹਿੱਸਾ ਲੈਣ ਤੋਂ ਨਾਂਹ ਕਰ ਸਕਦੇ ਹੋ, ਜਾਂ ਕਿਸੇ ਵੀ ਸਮੇਂ ਉਸ ਨੂੰ ਸਟੱਡੀ ਤੋਂ ਬਾਹਰ ਕੱਢ ਸਕਦੇ ਹੋ ਜਿਸ ਦਾ ਉਸ ਦੀ ਕਲਾਸ ਦੀ ਪੜ੍ਹਾਈ ਨੂੰ ਕੋਈ ਖਤਰਾ ਨਹੀਂ ਪੈਦਾ ਹੋਵੇਗਾ।

ਹੇਠਾਂ ਤੁਹਾਡੇ ਦਸਖਤ ਇਹ ਦੱਸਦੇ ਹਨ ਕਿ ਤੁਹਾਨੂੰ ਆਪਣੇ ਰਿਕਾਰਡ ਲਈ ਇਸ ਸਹਿਮਤੀ ਫਾਰਮ ਦੀ ਕਾਪੀ ਮਿਲ ਗਈ ਹੈ ਅਤੇ ਤੁਸੀਂ ਸਟੱਡੀ ਵਿਚ ਆਪਣੇ ਬੱਚੇ ਦੇ ਹਿੱਸਾ ਲੈਣ ਲਈ ਸਹਿਮਤੀ ਨਹੀਂ ਦਿੱਤੀ।

**ਹਿੱਸਾ 1** (ਸਕੂਲ ਵਿਚ ਕਲਾਸ ਦੇ ਸਮੇਂ ਦੌਰਾਨ ਦਿੱਤੇ ਜਾਣ ਵਾਲੀ ਪ੍ਰਸ਼ਨਾਵਲੀ):

☐ ਮੈਂ ਆਪਣੇ ਬੱਚੇ ਦੇ ਹਿੱਸਾ ਲੈਣ ਲਈ ਸਹਿਮਤੀ ਨਹੀਂ ਦੇ ਰਿਹਾ/ਰਹੀ ਹਾਂ।

ਬੱਚੇ ਦਾ ਨਾਂ (ਕਿਰਪਾ ਕਰਕੇ ਵੱਡੇ ਅੱਖਰਾਂ ਵਿਚ ਲਿਖੋ): ______________________________

ਤੁਹਾਡਾ ਨਾਂ (ਕਿਰਪਾ ਕਰਕੇ ਵੱਡੇ ਅੱਖਰਾਂ ਵਿਚ ਲਿਖੋ):______________________________

______________________________________________

ਤੁਹਾਡੇ ਦਸਖਤ                                        ਤਾਰੀਕ